20.04.2013

**Karan A. Singh**
*Principal Secretary*

Tele. No.: 0172-2704472
Fax No. : 0172-2702836

D. O. No. ਈਸ-2/2013/8965 ਮਿਤੀ 17

**Government of Punjab**
**Department of Industries & Comm**
Udyog Bhawan,
Sector 17, Chandigarh-160 017, INDI
E-mail : psic.punjab@gmail.com

ਵਿਸ਼ਾ :- **ਸਿਵਲ ਰਿੱਟ ਪਟੀਸ਼ਨ ਨੰ: 11216 ਆਫ 2010 ਸਬ ਡਵੀਜਨ ਅਫਸਰ ਬਨਾਮ ਪੰਜਾਬ ਸਰਕਾਰ।**

ਪਿਆਰੇ ਪ੍ਰਬੰਧਕ ਸਕੱਤਰ ਜੀ,

ਕ੍ਰਿਪਾ ਕਰਕੇ ਉਪਰ ਦਰਸ਼ਾਏ ਵਿਸ਼ੇ ਤੇ ਮੁੱਖ ਸਕੱਤਰ,ਪੰਜਾਬ ਜੀ ਦੇ ਪੱਤਰ ਨੰ: 5827 ਮਿਤੀ 28.3.2013 ਅਤੇ ਨਿਮਨ ਹਸਤਾਖਰ ਵੱਲੋਂ ਲਿਖੇ ਅੱਧ ਸਰਕਾਰੀ ਪੱਤਰ ਨੰ: 7212 ਮਿਤੀ 18.4.2013 ਵੱਲ ਧਿਆਨ ਦੇਣ ਦੀ ਖੇਚਲ ਕਰਨਾ ਜੀ। ਆਪ ਜੀ ਦੇ ਅਧੀਨ ਆਉਂਦੇ ਵਿਭਾਗਾਂ, ਬੋਰਡਾਂ ਅਤੇ ਕਾਰਪੋਰੇਸ਼ਨਾਂ ਤੋਂ ਉਕਤ ਕੇਸ ਨਾਲ ਸਬੰਧਤ ਸੂਚਨਾਂ ਨਿਰਧਾਰਤ ਪ੍ਰੋਫਾਰਮੇ ( ਕਾਪੀ ਨੱਥੀ) ਵਿੱਚ ਸਮੇਤ ਆਪ ਦਾ ਹਲਫੀਆ ਬਿਆਨ ਕਿਰਤ ਕਮਿਸ਼ਨਰ ਦੇ ਦਫਤਰ ਵਿਖੇ ਭੇਜਣ ਲਈ ਲਿਖਿਆ ਸੀ, ਪਰੰਤੂ ਆਪ ਦੇ ਵਿਭਾਗਾਂ ਦੇ ਸਬੰਧ ਵਿੱਚ ਅਜੇ ਤੀਕ ਵੀ ਸੂਚਨਾਂ/ ਹਲਫਨਾਮਾ ਪ੍ਰਾਪਤ ਨਹੀ ਹੋਇਆ ਹੈ।

2. ਇਹ ਕੇਸ ਮਿਤੀ 28.5.2013 ਨੂੰ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਲੱਗਾ ਹੈ, ਜਿਸ ਵਿੱਚ ਹਲਫਨਾਮਾ ਮੁੱਖ ਸਕੱਤਰ, ਪੰਜਾਬ ਜੀ ਵੱਲੋ ਦਿੱਤਾ ਜਾਣਾ ਹੈ। ਆਪ ਨੂੰ ਮੁੜ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਵਲੋਂ ਇਹ ਸੂਚਨਾਂ ਕਿਰਤ ਕਮਿਸ਼ਨਰ ਦੇ ਦਫਤਰ ਵਿਖੇ ਉਨ੍ਹਾਂ ਦੀ ਈ.ਮੇਲ ਐਡਰੈਸ (dylc.labour@punjab.gov.in) ਤੇ ਸਮੇਤ ਹਾਰਡ ਕਾਪੀ ਅਤੇ ਹਲਫੀਆ ਬਿਆਨ ਇਹ ਸੂਚਨਾਂ ਵਿਸ਼ੇਸ਼ ਹਰਕਾਰੇ ਰਾਹੀਂ (ਸੀ.ਡੀ./ਪੈਨ ਡਰਾਈਵ ਵਿੱਚ ਪਾ ਕੇ) ਕਿਰਤ ਕਮਿਸ਼ਨਰ, ਪੰਜਾਬ ਦੇ ਦਫਤਰ ਐਸ.ਸੀ.ਓ. ਨੰ: 47-48, ਸੈਕਟਰ17-ਈ,ਚੰਡੀਗੜ੍ਹ ਵਿਖੇ ਮਿਤੀ 21.5.2013 ਤੀਕ ਹਰ ਹਾਲਤ ਵਿੱਚ ਭੇਜੀ ਜਾਵੇ।

3. ਜੇਕਰ ਆਪ ਕੋਲ ਇਕ ਤੋਂ ਵੱਧ ਵਿਭਾਗਾਂ ਦਾ ਚਾਰਜ ਹੈ ਤਾਂ ਇਹ ਸੂਚਨਾਂ ਅਤੇ ਹਲਫੀਆਂ ਬਿਆਨ ਹਰ ਵਿਭਾਗ ਦਾ ਅਲੱਗ-2 ਦਿੱਤਾ ਜਾਣਾ ਹੈ। ਵਿਭਾਗ ਦੇ ਤਹਿਤ ਸਭ ਬੋਰਡਾਂ/ਕਾਰਪੋਰਸਨਾਂ ਬਾਰੇ ਵੀ ਮੁਕੰਮਲ ਸੂਚਨਾ ਦਿੱਤੀ ਜਾਵੇ।

4. ਆਪ ਵਲੋਂ ਦਿੱਤੇ ਹਲਫੀਆ ਬਿਆਨ ਅਤੇ ਸੂਚਨਾਂ ਦੇ ਅਧਾਰ ਤੇ ਮੁੱਖ ਸਕੱਤਰ ਜੀ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਹਲਫੀਆ ਬਿਆਨ ਦਾਇਰ ਕੀਤਾ ਜਾਵੇਗਾ।

ਮੈਂ ਧੰਨਵਾਦੀ ਹੋਵਾਂਗਾ ਜੇਕਰ ਆਪ ਨਿੱਜੀ ਧਿਆਨ ਦਿੰਦੇ ਹੋਏ ਇਹ ਸੂਚਨਾ ਮਿਤੀ 21.5.2013 ਤੱਕ ਭਿਜਵਾਉਣ ਦੀ ਖੇਚਲ ਕਰੋਗੇ।

ਸ਼ੁਭ ਕਾਮਨਾਵਾਂ ਸਹਿਤ

(ਕਰਨ ਏ ਸਿੰਘ)